# ਦਫ਼ਤਰ ਸਮੱਗਰ ਸਿੱਖਿਆ ਅਭਿਆਨ ਜਲੰਧਰ

ਨੇੜੇ ਗੁਰੂ ਨਾਨਕ ਦੇਵ ਯੂਨਿਵਰਸਿਟੀ ਕਾਲਜ ,ਸਾਹਮਣੇ ਏ.ਜੀ.ਆਈ ਇੰਨ ਹੋਟਲ ਲਾਡੋਵਾਲੀ ਰੋਡ, ਜਲੰਧਰ

ਈ-ਮੇਲ :-ssajalandhar@punjabeducation.gov.in ਫੋਨ ਨੰ:-0181-4640787

ਵੱਲ

ਸਮੂਹ ਬੀ.ਪੀ.ਈ.ਓਜ਼., ਸਕੂਲ ਪ੍ਰਿਸੀਪਲ ਅਤੇ ਸਕੂਲ ਮੁਖੀ

ਸਪ੍ਰਸ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ,ਜਿਲਾ ਜਲੰਧਰ।

ਪੱਤਰਨੰ: ਸਸਅ/ਆਈ.ਈ.ਡੀ./2025/ 67152 ਮਿਤੀ:12.03.2025

ਵਿਸ਼ਾ:- ਯੂ-ਡਾਇਸ ਵਿੱਚ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਦਾ ਡਾਟਾ ਚੰਗੀ ਤਰ੍ਹਾਂ ਘੋਖਣ ਅਤੇ ਇੰਦਰਾਜ਼ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਹਰ ਸਾਲ ਸਮੂਹ ਸਕੂਲਾਂ ਤੋਂ ਸਕੂਲ ਸਬੰਧੀ ਜਾਣਕਾਰੀ ਜਿਵੇਂ ਕਿ ਵਿਦਿਆਰਥੀਆਂ ਦੀ ਗਿਣਤੀ ਸਮੇਤ ਦਿਵਿਆਂਗ ਵਿਦਿਆਰਥੀ, ਅਧਿਆਪਕਾਂ ਦੀ ਜਾਣਕਾਰੀ, ਸਕੂਲ ਦਾ ਬੁਨਿਆਦੀ ਢਾਂਚਾ, ਨਤੀਜੇ ਆਦਿ ਇੱਕਤਰ ਕਰਨ ਲਈ ਸਰਵੇ ਕਰਵਾਇਆਂ ਜਾਂਦਾ ਹੈ।

ਯੂਡਾਇਸ ਡਾਟੇ ਦੇ ਆਧਾਰ ਉੱਤੇ ਰਾਜ ਅਤੇ ਭਾਰਤ ਸਰਕਾਰ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਨੀਤੀਆਂ ਸਿੱਖਿਆ ਦੇ ਸੁਧਾਰ ਲਈ ਬਣਾਈਆਂ ਜਾਂਦੀਆ ਹਨ। ਇਸ ਲਈ ਇਸ ਡਾਟੇ ਦਾ ਬਹੁਤ ਮਹੱਤਵ ਹੈ ਅਤੇ ਇਸ ਨੂੰ ਸਹੀ ਭਰਿਆ ਜਾਣਾ ਜਰੂਰੀ ਹੈ।

ਆਪਜੀ ਨੂੰ ਖਾਸ ਹਦਾਇਤ ਕੀਤੀ ਜਾਂਦੀ ਹੈ ਕਿ ਜਿਲ੍ਹਾ ਜਲੰਧਰ ਅਧੀਨ ਸਮੂਹ ਸਕੂਲਾਂ ਵੱਲੋ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਦਾ ਡਾਟਾ ਸਹੀ ਭਰਿਆ ਜਾਵੇ। ਸਬੰਧਤ ਬਲਾਕ ਦੇ ਆਈ.ਈ.ਆਰ.ਟੀ ਵੱਲੋ ਦਿਵਿਆਂਗ ਬੱਚਿਆਂ ਨੂੰ ਸਰਟੀਫਾਈ ਕਰਨ ਉਪਰੰਤ ਹੀ ਬੱਚੇ ਦੀ ਐਂਟਰੀ ਕੀਤੀ ਜਾਵੇ ਅਤੇ ਦਿਵਿਆਂਗ ਬੱਚੇ ਦੀ ਐਂਟਰੀ ਪੋਰਟਲ ਤੇ ਹਟਾਉਣ ਤੋ ਪਹਿਲਾਂ ਆਈ.ਈ.ਆਰ.ਟੀ ਤੋਂ ਲਿਖਤੀ ਰੂਪ ਵਿੱਚ ਲਿਆ ਜਾਵੇ।ਯੂਡਾਇਸ ਸਰਵੇ 2024-25 ਦਾ ਡਾਟਾ ਹਰ ਸਕੂਲ ਵੱਲੋਂ ਭਾਰਤ ਸਰਕਾਰ ਦੇ ਪੋਰਟਲ ਉੱਤੇ ਮਿਤੀ ਤੁਰੰਤ ਭਰਿਆ ਜਾਵੇ । ਦਿਵਿਆਂਗ ਬੱਚਿਆਂ ਦੀ ਪੋਰਟਲ ਉੱਤੇ ਐਂਟਰੀ ਸਬੰਧੀ ਸਬੰਧਤ ਸਕੂਲ ਮੁੱਖੀ/ਪ੍ਰਿੰਸੀਪਲ ਹਰ ਤਰ੍ਹਾਂ ਲਈ ਜਿੰਮੇਵਾਰ ਹੋਣਗੇ।

ਯੂਡਾਇਸ ਸਰਵੇ ਅਧੀਨ ਡਾਟਾ ਸਾਲ 2024-25 ਘੋਖਣ ਉਪਰੰਤ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਵੱਲੋਂ ਦਿਵਿਆਂਗ ਬੱਚਿਆਂ ਦੀ ਪੋਰਟਲ ਉੱਤੇ ਐਂਟਰੀ ਅਜੇ ਤੱਕ ਨਹੀਂ ਕੀਤੀ ਗਈ। ਬਲਾਕਵਾਰ ਮੋਜੂਦਾ ਡਾਟਾ ਹੇਠ ਲਿਖੇ ਅਨੁਸਾਰ ਹੈ:-

| Block | Block wise total data epunjab | data updted on udise | DATA STILL PENDING FOR UPDATE ON udise |
|---|---|---|---|
| ADAMPUR | 162 | 157 | 5 |
| ALAWALPUR | 162 | 152 | 10 |
| BHOGPUR | 183 | 126 | 57 |
| EAST-1 | 467 | 318 | 149 |
| EAST-4 | 310 | 395 | 0 |

# ਦਫ਼ਤਰ ਸਮੱਗਰ ਸਿੱਖਿਆ ਅਭਿਆਨ ਜਲੰਧਰ

ਨੇੜੇ ਗੁਰੂ ਨਾਨਕ ਦੇਵ ਯੂਨਿਵਰਸਿਟੀ ਕਾਲਜ ,ਸਾਹਮਣੇ ਏ.ਜੀ.ਆਈ ਇੰਨ ਹੋਟਲ ਲਾਡੋਵਾਲੀ ਰੋਡ, ਜਲੰਧਰ

ਈ-ਮੇਲ :-ssajalandhar@punjabeducation.gov.in ਫੋਨ ਨੰ:-0181-4640787

| | | | |
|---|---|---|---|
| GORAYA-1 | 204 | 170 | 34 |
| GORAYA-2 | 143 | 135 | 8 |
| KARTARPUR | 110 | 85 | 25 |
| LOHIAN KHASS | 68 | 55 | 13 |
| NAKODER-01 | 270 | 165 | 105 |
| NAKODER-02 | 142 | 129 | 13 |
| NOORMAHAL | 179 | 125 | 54 |
| PHILLOUR | 109 | 82 | 27 |
| SHAHKOT-01 | 84 | 77 | 7 |
| SHAHKOT-02 | 102 | 67 | 35 |
| WEST-01 | 183 | 189 | 0 |
| WEST-02 | 236 | 240 | 0 |

ਦਿਵਿਆਂਗ ਬੱਚਿਆਂ ਦਾ ਡਾਟਾ ਵੈਰੀਫਾਈ ਕਰਨ ਸਮੇ ਹੇਠ ਲਿਖਿਆ ਗੱਲਾਂ ਦਾ ਖਾਸ ਧਿਆਨ ਰੱਖਿਆ ਜਾਵੇ।

1. **U-Dise ਡਾਟੇ ਵਿੱਚ CWSN ਬੱਚੇ ਦੀ ਡਿਸਏਬਿਲਟੀ ਨੂੰ ਮੁੜ ਤੋਂ ਚੈਕ ਕਰ ਲਿਆ ਜਾਵੇ।**
2. **ਸਕੂਲ ਵਿੱਚ DFT, Ramp ਅਤੇ Handrail ਦੇ ਕਾਲਮ ਨੂੰ ਵੈਰੀਫਾਈ ਕਰ ਲਿਆ ਜਾਵੇ।**
3. **ਸਕੂਲ ਅਧਿਆਪਕਾਂ ਨੂੰ CWSN ਸਬੰਧੀ ਸਪੈਸ਼ਲ ਐਜੂਕੇਸ਼ਨ (ਆਨਲਾਈਨ/ਆਫਲਾਈਨ) ਦੀ ਟ੍ਰੇਨਿੰਗ ਦਾ ਕਾਲਮ ਵੈਰੀਫਾਈ ਕਰ ਲਿਆ ਜਾਵੇ।**
4. **CWSN ਬੱਚੇ ਦੀ ਅਸੈਸਮੈਂਟ ਸਮੇਂ ਅਸੈਸਮੈਂਟ ਟੂਲ ਵਰਤਿਆ ਹੈ ਜਾਂ ਨਹੀ ਇਸ ਸਬੰਧੀ ਵੇਰਵਾ ਭਰਿਆ ਜਾਵੇ।**
5. **ਡਿਸਏਬਿਲਟੀ ਦੇ ਸਬੰਧੀ TLM ਹੈ ਜਾਂ ਨਹੀ ਇਸ ਬਾਰੇ ਸਬੰਧਤ ਕਾਲਮ ਵਿੱਚ ਦਰਸਾਇਆ ਜਾਵੇ।**
6. **ਉਕਤ ਡਾਟੇ ਸਬੰਧੀ ਰਹਿੰਦੀ ਹਰੇਕ ਐਂਟਰੀ ਜਲਤ ਤੋਂ ਜਲਤ ਕਰਵਾਈ ਜਾਵੇ।**

ਸਮੂਹ ਸਕੂਲ ਮੁਖੀ,ਜਿਲ੍ਹਾ ਜਲੰਧਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਲਾਕ ਅਧੀਨ ਕੰਮ ਕਰਦੇ ਆਈ.ਈ.ਆਰ.ਟੀਜ਼ ਨੂੰ ਸਹਿਯੋਗ ਦਿੱਤਾ ਜਾਵੇ ਅਤੇ ਦਿਵਿਆਂਗ ਬੱਚਿਆਂ ਦਾ ਡਾਟਾ ਆਈ.ਈ.ਆਰ.ਟੀਜ਼ ਵੱਲੋ ਵੈਰੀਫਾਈ ਕਰਣ ਉਪਰੰਤ ਹੀ ਦਰਜ਼ ਜਾਂ ਕੱਟਿਆ ਜਾਵੇ।

12/3/25

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਜਲੰਧਰ

ਉਤਾਰਾ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ।

12/3/25

ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਜਲੰਧਰ